ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times — 25 ਅਗਸਤ 2024 ਦਿਨ ਐਤਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਡਾ. ਮਨਮੋਹਨ ਦੀ ਨਵੀਂ ਕਿਤਾਬ 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ' ਰਿਲੀਜ਼ ਹੋਈ

ਵਰਲਡ ਪੰਜਾਬੀ ਟਾਈਮਜ਼ — ਹਰਦੇਵ ਚੌਹਾਨ

ਚੰਡੀਗੜ੍ਹ, 25 ਅਗਸਤ : ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬ ਕਲਾ ਭਵਨ ਵਿਖੇ ਉੱਘੇ ਲੇਖਕ ਅਤੇ ਸਾਬਕਾ ਆਈ. ਪੀ. ਐੱਸ ਅਧਿਕਾਰੀ ਡਾ. ਮਨਮੋਹਨ ਦੀ ਨਵੀਂ ਪੁਸਤਕ 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ' ਭਰਵੇਂ ਸਮਾਗਮ ਵਿਚ ਲੋਕ-ਅਰਪਣ ਹੋਈ। ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ ਦਾ ਸਵਾਗਤ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਜਿਹੇ ਮਹੱਤਵਪੂਰਨ ਮੁੱਦਿਆਂ ਬਾਰੇ ਗੰਭੀਰ ਚਰਚਾ ਅਤੇ ਚਿੰਤਨ ਜਿੰਨੀ ਵਾਰ ਵੀ ਹੋਵੇ, ਓਨਾ ਹੀ ਘੱਟ ਹੈ। ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਕਿਸੇ ਵੀ ਭਾਸ਼ਾ ਦੀ ਅਮੀਰੀ ਉਸਦੇ ਸਾਹਿਤ ਵਿਚ ਪਈ ਹੁੰਦੀ ਹੈ। ਸੰਯੋਜਕ ਦੇ ਰੂਪ ਵਿੱਚ ਪ੍ਰੋ: ਪ੍ਰਵੀਨ ਕੁਮਾਰ ਨੇ ਕਿਹਾ ਕਿ ਸਮਾਜ 'ਚ ਬਿਰਤਾਂਤ ਮੌਖਿਕ ਪਰੰਪਰਾ 'ਚ ਸੰਚਾਰ ਦਾ ਮੁੱਖ ਪ੍ਰਾਰੂਪ ਹੈ। ਉੱਘੇ ਚਿੰਤਕ ਅਮਰਜੀਤ ਗਰੇਵਾਲ ਨੇ ਕਿਹਾ ਕਿ ਪੰਜਾਬ ਨੂੰ ਲੈਕੇ ਪੁਨਰ-ਉਸਾਰੀ, ਪੁਨਰ-ਸੋਚ ਅਤੇ ਪੁਨਰ-ਕਲਪਨਾ ਦੀ ਲੋੜ ਹੈ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਮੁਖੀ ਪ੍ਰੋ. ਯੋਗ ਰਾਜ ਦਾ ਕਹਿਣਾ ਸੀ ਕਿ ਬੁੱਧੀਜੀਵੀ ਵਰਗ ਦਾ ਹੇਰਵਾ ਇਸ ਮੁੱਦੇ ਨੂੰ ਹੋਰ ਸੰਵੇਦਨਸ਼ੀਲ ਕਰਦਾ ਹੈ। ਯਾਦਵਿੰਦਰ ਕਰਫ਼ਿਊ ਨੇ ਕਿਹਾ ਕਿ ਪੰਜਾਬ ਦੀ ਪਹਿਚਾਣ ਸਮੇਂ, ਸਮੇਂ ਬਦਲਦੀ ਰਹਿੰਦੀ ਹੈ। ਸੱਚ ਕੁਝ ਵੀ ਨਹੀਂ ਹੁੰਦਾ ਸਭ ਵਿਆਖਿਆ ਹੁੰਦੀ ਹੈ। ਜੰਗ ਬਹਾਦਰ ਗੋਇਲ ਨੇ ਫ਼ਿਕਰਮੰਦੀ ਜ਼ਾਹਿਰ ਕੀਤੀ ਕਿ ਗਹਿਰ ਚਿੰਤਨ ਸਾਡੇ ਸੁਭਾਅ ਚੋਂ ਮਨਫ਼ੀ ਹੋ ਰਿਹਾ ਹੈ।




ਵਿਸ਼ੇਸ਼ ਮਹਿਮਾਨ ਅਸ਼ਵਨੀ ਚੈਟਲੇ ਨੇ ਕਿਹਾ ਕਿ ਮੌਕੇ ਦੀ ਨਜ਼ਾਕਤ ਇਹ ਕਹਿੰਦੀ ਹੈ ਕਿ ਹਰ ਪੰਜਾਬੀ ਨੂੰ ਅਵਾਜ਼ ਦੇਈਏ ਤਾਂ ਹੀ ਕੁੱਝ ਕਰ ਸਕਾਂਗੇ। ਦੂਜੇ ਵਿਸ਼ੇਸ਼ ਮਹਿਮਾਨ ਪ੍ਰੋ. ਕੁਲਦੀਪ ਸਿੰਘ ਨੇ ਕਿਹਾ ਕਿ ਗੁਆਚੇ ਹੋਏ ਪੰਜਾਬ ਨੂੰ ਲੱਭਣ ਦੀ ਲੋੜ ਹੈ ਜਿਸ ਲਈ ਸੰਵਾਦ ਵਧਾਉਣਾ ਪਵੇਗਾ। ਪੰਜਾਬ ਕਲਾ ਪ੍ਰੀਸ਼ਦ ਚੇਅਰਮੈਨ ਸਵਰਨਜੀਤ ਸਵੀ ਨੇ ਮੁੱਖ ਮਹਿਮਾਨ ਵਜੋਂ ਬੋਲਦਿਆਂ ਕਿਹਾ ਕਿ ਡਾ. ਮਨਮੋਹਨ ਦੀ ਇਹ ਕਿਤਾਬ ਹਜ਼ਾਰਾਂ ਸੁਆਲ ਪੈਦਾ ਕਰਦੀ ਹੈ। 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ' ਕਿਤਾਬ ਦੇ ਲੇਖਕ ਡਾ. ਮਨਮੋਹਨ ਨੇ ਕਿਹਾ ਕਿ ਕਿਸੇ ਵੀ ਸਭਿਆਚਾਰਕ ਸਮੂਹ ਵਿਚ ਰੂਪਾਂਤਰਨ ਦੀ ਸਹਿਜ ਪ੍ਰਕਿਰਿਆ ਚਲਦੀ ਰਹਿੰਦੀ ਹੈ। ਸਾਡੇ ਵਿੱਚ ਸਮਾਜਿਕ ਤੇ ਆਰਥਿਕ ਪਾੜਾ ਵੱਡਾ ਹੈ, ਜਿਸਦਾ ਸੱਚ ਕਬੂਲਣਾ ਔਖਾ ਹੈ।

ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਰੌਣਕੀ ਰਾਮ ਨੇ ਕਿਹਾ ਕਿ ਵਿਚਾਰਿਆ ਤਾਂ ਹੀ ਸਾਰਥਕ ਹੈ ਜੇ ਸਾਡੇ ਵਿੱਚ ਚੇਤਨਾ ਉੱਠੇ। ਡਾ. ਅਵਤਾਰ ਸਿੰਘ ਪਤੰਗ ਨੇ ਇਸ ਕਿਤਾਬ ਨੂੰ ਚਿੰਤਨ ਭਰਪੂਰ ਦੱਸਿਆ। ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਵਿੱਚ ਜਿਨ੍ਹਾਂ ਸਖ਼ਸ਼ੀਅਤਾਂ ਦੀ ਮੌਜੂਦਗੀ ਨੇ ਇਸ ਸਮਾਗਮ ਦੀਆਂ ਰੌਣਕਾਂ ਵਧਾਈਆਂ ਉਨ੍ਹਾਂ ਵਿਚ ਹਰਪ੍ਰੀਤ ਕੌਰ, ਸੁਭਾਸ਼ ਭਾਸਕਰ, ਪਰਮਪਾਲ ਸਿੰਘ, ਮੀਤ ਰੰਗਰੇਜ਼, ਸੁਖਵਿੰਦਰ ਸਿੰਘ ਸਿੱਧੂ, ਮਨਜੀਤ ਕੌਰ ਮੀਤ, ਹਰਮਿੰਦਰ ਕਾਲੜਾ, ਗੁਲ ਚੌਹਾਨ, ਜਸਪਾਲ ਸਿੰਘ, ਗੁਰਪ੍ਰੀਤ ਡੈਨੀ, ਪਾਲ ਅਜਨਬੀ, ਵਰਿੰਦਰ ਸਿੰਘ ਚੱਠਾ, ਗੁਰਦੀਪ ਸਿੰਘ, ਸਰਬਜੀਤ ਸਿੰਘ ਭੱਟੀ, ਸੁਨੀਲ ਕਟਾਰੀਆ, ਪਰਮਜੀਤ ਪਰਮ, ਮਲਕੀਤ ਸਿੰਘ ਨਾਗਰਾ, ਅਤਰ ਸਿੰਘ ਖੁਰਾਣਾ, ਬਲਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਖੋਖਰ, ਡਾ. ਜਰਮਨਜੀਤ ਸਿੰਘ, ਸੁਖਪ੍ਰੀਤ ਸਿੰਘ, ਮਿੱਕੀ ਪਾਸੀ, ਗੁਰਮੀਤ ਸਿੰਘ, ਸਿਰੀ ਰਾਮ ਅਰਸ਼, ਸ਼ਾਇਰ ਭੱਟੀ, ਹਰਪ੍ਰੀਤ ਸਿੰਘ ਸੰਧੂ, ਹਰਪ੍ਰੀਤ ਸਿੰਘ ਚੰਨੂ, ਮਲਕੀਤ ਸਿੰਘ, ਗਿੰਦਰ, ਡਾ. ਸੁਰਿੰਦਰ ਗਿੱਲ, ਯਾਦਵਿੰਦਰ ਸਿੱਧੂ, ਸਰਦਾਰਾ ਸਿੰਘ ਚੀਮਾ, ਗੁਰਨਾਮ ਕੰਵਰ, ਊਸ਼ਾ ਕੰਵਰ, ਸੁਨੀਤਾ ਰਾਣੀ, ਆਰ. ਐੱਸ. ਪਾਲ, ਲਾਭ ਸਿੰਘ ਲਹਿਲੀ, ਪਰਮਿੰਦਰ ਸਿੰਘ ਗਿੱਲ, ਡਾ. ਸਾਹਿਬ ਸਿੰਘ, ਡਾ. ਨਵਦੀਪ ਬਰਾੜ, ਬੂਟਾ ਸਿੰਘ ਬਰਾੜ, ਡਾ. ਹਰਬੰਸ ਕੌਰ ਗਿੱਲ, ਪਰਮਜੀਤ ਮਾਨ, ਡਾ. ਦੀਪਕ ਮਨਮੋਹਨ ਸਿੰਘ, ਰਜਿੰਦਰ ਸਿੰਘ ਧੀਮਾਨ, ਮਲਕੀਅਤ ਬਸਰਾ, ਸੰਜੀਵ ਸਿੰਘ ਸੈਣੀ, ਸ਼ਬਦੀਸ਼, ਜੈ ਸਿੰਘ ਛਿੱਬਰ, ਡਾ. ਹਰੀਸ਼ ਪੁਰੀ, ਬਲਜੀਤ ਸਿੰਘ, ਡਾ. ਤੇਜਿੰਦਰ ਸਿੰਘ, ਜੈ ਪਾਲ, ਜਤਿਨ ਸਲਵਾਨ, ਭਜਨਬੀਰ, ਗੁਰਜਿੰਦਰ ਸਿੰਘ, ਕਰਨਲ ਜੀ. ਐੱਸ ਸੇਖੋਂ, ਸ਼੍ਰੀਮਤੀ ਸੇਖੋਂ, ਗੁਰਦੇਵ ਸਿੰਘ, ਅਨਮੋਲ ਸਿੰਘ, ਤੇਜਾ ਸਿੰਘ ਥੂਹਾ, ਦੀਪਕ ਸ਼ਰਮਾ ਚਨਾਰਥਲ, ਰਮੇਸ਼ ਸਿੰਗਲਾ, ਪ੍ਰੀਤਮ ਸਿੰਘ ਰੁਪਾਲ, ਕੇਵਲਜੀਤ ਸਿੰਘ ਕੰਲ, ਨਵਨੀਤ ਮਠਾੜੂ, ਵਿਸ਼ਾਲ ਭੂਸ਼ਨ, ਸ਼ੀਨਾ ਜੱਗਬਾਣੀ, ਰਜੇਸ਼, ਡਾ. ਲਾਭ ਸਿੰਘ ਖੀਵਾ, ਬੂਟਾ ਸਿੰਘ, ਸੁਸ਼ੀਲ ਦੁਸਾਂਝ, ਆਰ. ਕੇ. ਸੁਖਨ, ਹਰਬੰਸ ਸੋਢੀ, ਡਾ. ਟੀ. ਆਰ. ਸਾਰੰਗਲ, ਏ. ਸਾਰੰਗਲ, ਗੁਰਵਿੰਦਰ ਸਿੰਘ, ਮਨੋਹਰ ਸਿੰਘ, ਬਲਜੀਤ ਕੌਰ, ਪ੍ਰੋ: ਦਿਲਬਾਗ ਸਿੰਘ, ਸ਼ੀਨੂ ਵਾਲੀਆ, ਹਰਿੰਦਰ ਫ਼ਿਰਾਕ, ਦਵਿੰਦਰ ਸਿੰਘ, ਗੁਰਜੋਧ ਕੌਰ, ਸੁਖਜਿੰਦਰ ਸਿੰਘ, ਕੁਲਜੀਤ ਕੌਰ ਤੇ ਐ. ਐਸ. ਪਾਲ ਖਾਸ ਸਨ।

## ਭੂਤ ਕੱਢਣ ਦੇ ਨਾਮ ਤੇ ਲਈ 30 ਸਾਲਾ ਨੌਜਵਾਨ ਸੈਮੂਅਲ ਮਸੀਹ ਦੀ ਜਾਨ

### ਪੰਜਾਬ ਸਰਕਾਰ ਤੋਂ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ



ਸੰਗਰੂਰ 25 ਅਗਸਤ : ਭਾਵੇਂ ਅਸੀਂ ਵਿਗਿਆਨ ਦੇ ਯੁੱਗ ਵਿੱਚ ਜੀਅ ਰਹੇ ਹਾਂ ਪਰ ਸਾਡੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਹੀਂ ਬਣਿਆ। ਬਹੁਤ ਸਾਰੇ ਲੋਕ ਅਜੇ ਵੀ ਭੂਤਾਂ ਪ੍ਰੇਤਾਂ ਦੀ ਹੋਂਦ ਮੰਨਦੇ ਹਾਂ, ਉਨ੍ਹਾਂ ਵਿੱਚ ਵਿਸ਼ਵਾਸ ਰੱਖਦੇ ਹਾਂ।ਅੰਧਵਿਸ਼ਵਾਸੀ ਲੋਕ, ਪਰਿਵਾਰਕ ਮੈਂਬਰ ਦੇ ਬੀਮਾਰ ਹੋਣ ਤੇ ਉਸ ਉਤੇ ਓਪਰੀ ਸ਼ੈਅ ਦਾ ਅਸਰ ਸਮਝਦੇ ਹਨ ਤੇ ਅਖੌਤੀ ਸਿਆਣਿਆਂ ਤੋਂ ਇਲਾਜ ਕਰਵਾਉਂਦੇ ਹਨ, ਅਖੌਤੀ ਸਿਆਣੇ ਤਾਂਤਰਿਕ ਭੂਤ- ਪ੍ਰੇਤ, ਸ਼ੈਤਾਨ ਨੂੰ ਭਜਾਉਣ ਦਾ ਢਕਵੰਜ ਕਰਦੇ ਕਰਦੇ ਬੀਮਾਰ ਦੀ ਜਾਨ ਲੈ ਲੈਂਦੇ ਹਨ।ਅਜਿਹਾ ਹੀ ਵਾਪਰਿਆ ਹੈ ਗੁਰਦਾਸਪੁਰ ਜ਼ਿਲ੍ਹੇ ਦੇ ਸਿੰਘਪੁਰ ਪਿੰਡ ਦੇ 30 ਸਾਲਾ ਨੌਜਵਾਨ ਸੈਮੂਅਲ ਮਸੀਹ ਨਾਲ। ਸੈਮੂਅਲ ਮਸੀਹ ਬੀਮਾਰ ਸੀ ਤੇ ਅਖੌਤੀ ਸਿਆਣੇ ਜੈਕਬ ਮਸੀਹ ਤੇ ਉਸਦੇ ਸਾਥੀਆਂ ਨੇ ਉਸ ਵਿੱਚੋਂ ਭੂਤ- ਪ੍ਰੇਤ, ਸ਼ੈਤਾਨ ਕੱਢਣ /ਭਜਾਉਣ ਦਾ ਢਕਵੰਜ ਕਰਦਿਆਂ ਉਸਦੀ ਜਾਨ ਲੈ ਲਈ। ਅਖੌਤੀ ਸਿਆਣਿਆਂ ਨੇ ਕਿਹਾ ਕਿ ਇਸ ਅੰਦਰ ਸ਼ੈਤਾਨ ਹੈ ਤੇ ਇਸ ਨੂੰ ਕੁੱਟ ਕੇ ਭਜਾਇਆ ਜਾ ਰਿਹਾ ਹੈ,ਸੱਟ ਸੈਮੂਅਲ ਦੇ ਨਾ ਲਗ ਕੇ ਸ਼ੈਤਾਨ ਦੇ ਲਗ ਰਹੀ ਹੈ, ਅਖੌਤੀ ਸਿਆਣਿਆਂ ਜੈਕਬ ਮਸੀਹ ਤੇ ਸਾਥੀਆਂ ਨੇ ਸੈਮੂਅਲ ਦੀ ਲੱਤਾਂ ਬਾਹਾਂ ਬੰਨ੍ਹ ਕੇ ਉਸ ਨੂੰ ਪਸ਼ੂਆਂ ਦੀ ਤਰ੍ਹਾਂ ਕੁੱਟਿਆ ।ਆਖਰ ਉਸਦੀ ਜਾਨ ਲੈ ਕੇ ਚਲੇ ਗਏ। ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਸੁਖਦੇਵ ਸਿੰਘ ਕਿਸ਼ਨਗੜ੍ਹ ਤੇ ਕ੍ਰਿਸ਼ਨ ਸਿੰਘ ਨੇ ਇਕਾਈ ਦੀ ਮੀਟਿੰਗ ਕਰਨ ਬਾਅਦ ਉਪਰੋਕਤ ਰਿਪੋਰਟ ਕਰਦਿਆਂ ਜਿਥੇ ਅਖੌਤੀ ਸਿਆਣਿਆਂ ਜੱਕੀ ਤੇ ਉਸਦੇ ਸਾਥੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ ਉਥੇ ਲੋਕਾਂ ਨੂੰ ਵੀ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ ਹੈ, ਉਨ੍ਹਾਂ ਕਿਹਾ ਕਿ ਵਿਗਿਆਨ ਇਹ ਸਿੱਧ ਕਰ ਚੁੱਕਿਆ ਹੈ ਸਾਰੇ ਬ੍ਰਹਿਮੰਡ ਵਿੱਚ ਭੂਤ, ਪ੍ਰੇਤ ਆਦਿ ਦੀ ਕੋਈ ਹੋਂਦ ਨਹੀਂ ਇਹ ਸਭ ਮਨੋਕਲਪਿਤ ਚੀਜ਼ਾ ਹਨ । ਉਨ੍ਹਾਂ ਪੰਜਾਬ ਸਰਕਾਰ ਤੋਂ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ ਤਾਂ ਜੋ ਲੋਕ ਅੰਧਵਿਸ਼ਵਾਸਾਂ ਵਹਿਮਾਂ ਭਰਮਾਂ, ਰੂੜੀਵਾਦੀ ਵਿਚਾਰਾਂ ਵਿੱਚੋਂ ਨਿਕਲ ਕੇ ਆਰਥਿਕ, ਸ਼ਰੀਰਕ,ਮਾਨਸਿਕ ਲੁੱਟ ਤੋਂ ਬਚਾਅ ਕਰਦਿਆਂ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆ ਸਕਣ।

## ਮੁੱਖ ਮੰਤਰੀ ਵੱਲੋਂ ਵਾਰ ਵਾਰ ਮੀਟਿੰਗਾਂ ਦੇ ਕੇ ਮੁਕਰਨ ਦੇ ਰੋਸ ਵਜੋਂ ਵਿਧਾਨ ਸਭਾ ਵੱਲ ਕੀਤਾ ਜਾਵੇਗਾ ਮਾਰਚ- 3704 ਅਧਿਆਪਕ ਯੂਨੀਅਨ ਪੰਜਾਬ

### ਹਰਿਆਣਾ ਵਿੱਚ ਆਪ ਦੀ ਬਦਲਾਵ ਜਨਸਭਾ ਦੀ ਵੀ ਖੋਲ੍ਹੀ ਜਾਵੇਗੀ ਪੋਲ

ਵਰਲਡ ਪੰਜਾਬੀ ਟਾਈਮਜ਼



ਬਰਨਾਲਾ 25 ਅਗਸਤ : 3704 ਅਧਿਆਪਕ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਦੀ ਪ੍ਰਧਾਨਗੀ ਵਿੱਚ ਅੱਜ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ। ਮੁੱਖ ਮੰਤਰੀ ਪੰਜਾਬ ਵੱਲੋਂ ਵਾਰ ਵਾਰ ਮੀਟਿੰਗਾਂ ਮੁਲਤਵੀ ਕਰਕੇ ਡੰਗ ਟਪਾਊ ਨੀਤੀ ਅਪਣਾਉਣ ਤੇ 22 ਅਗਸਤ ਦੀ ਮੁੱਖ ਮੰਤਰੀ ਦੀ ਮੀਟਿੰਗ ਬਦਲ ਕੇ ਸਬ ਕਮੇਟੀ ਨਾਲ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਜਲੰਧਰ ਜਿਮਨੀ ਚੋਣਾ ਦੌਰਾਨ ਹੋਈ ਪੈਨਲ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਤੁਹਾਡੀ ਭਰਤੀ ਦਾ ਇਸ਼ਤਿਹਾਰ ਪਹਿਲਾਂ ਦਾ ਹੋਣ ਕਰਕੇ ਪੰਜਾਬ ਪੇਅ ਸਕੇਲ ਲਾਗੂ ਕਰਨ ਦੀ ਮੰਗ ਦਾ ਹੱਲ ਚੰਡੀਗੜ੍ਹ ਮੀਟਿੰਗ ਕਰਕੇ ਕਰ ਦਿੱਤਾ ਜਾਵੇਗਾ। ਪਰ ਹੁਣ ਮੁੱਖ ਮੰਤਰੀ ਲਗਾਤਾਰ ਮੀਟਿੰਗਾਂ ਦੇ ਕੇ ਆਪਣੇ ਵਾਅਦੇ ਤੋਂ ਭੱਜ ਰਹੇ ਹਨ। ਆਗੂਆਂ ਨੇ ਮੀਟਿੰਗ ਵਿੱਚ ਅਗਲੀ ਰਣਨੀਤੀ ਦਾ ਐਲਾਨ ਕਰਦੇ ਹੋਏ ਕਿਹਾ ਕਿ ਵਿਧਾਨ ਸਭਾ ਸੈਸ਼ਨ ਦੌਰਾਨ 3 ਸਤੰਬਰ ਨੂੰ ਵਿਧਾਨ ਸਭਾ ਸਭਾ ਵੱਲ ਮਾਰਚ ਕੀਤਾ ਜਾਵੇਗਾ ਅਤੇ ਹਰਿਆਣਾ ਵਿੱਚ ਜੋ ਆਮ ਆਦਮੀ ਪਾਰਟੀ ਬਦਲਾਵ ਜਨਸਭਾ ਮੁਹਿੰਮ ਚਲਾ ਰਹੀ ਹੈ। ਉਸ ਬਦਲਾਵ ਜਨਸਭਾ ਤੇ ਹੋਰ ਪ੍ਰੋਗਰਾਮਾਂ ਦਾ ਵਿਰੋਧ ਕਰਨ ਦੇ ਨਾਲ ਨਾਲ ਹਰਿਆਣਾ ਦੇ ਪਿੰਡਾਂ ਵਿੱਚ ਜਾ ਕੇ ਸਥਾਨਕ ਲੋਕਾਂ ਕੋਲ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੋਲ ਖੋਲੀ ਜਾਵੇਗੀ। 30 ਸਤੰਬਰ ਨੂੰ ਮੁਕਤਸਰ ਜ਼ਿਲ੍ਹੇ ਦੇ ਪਿੰਡ ਭਲਾਈਆਣਾ ਵਿਖੇ ਅਤੇ ਪੰਜਾਬ ਵਿੱਚ ਜਿੱਥੇ ਵੀ ਮੁੱਖ ਮੰਤਰੀ ਆਉਣਗੇ ਕਾਲੀਆਂ ਝੰਡੀਆਂ ਨਾਲ ਮੁੱਖ ਮੰਤਰੀ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸੂਬਾ ਆਗੂ ਯਾਦਵਿੰਦਰ ਸਿੰਘ, ਦਵਿੰਦਰ ਕੁਮਾਰ, ਜਗਜੀਵਨਜੋਤ ਸਿੰਘ, ਜਸਵਿੰਦਰ ਸ਼ਾਹਪੁਰ, ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਵਿਕਰਮ ਸਿੰਘ, ਹਰਮੀਤ ਸਿੰਘ, ਰਾਜੇਸ਼ਵਰ ਰਾਏ, ਪਿੰਟੂ ਬਿਸ਼ਨੋਈ, ਲਵਿਸ਼ ਸੰਧਾ, ਪੱਪੂ ਸਿੰਘ, ਗੁਰਵਿੰਦਰ ਸਿੰਘ, ਜਸਵੀਰ ਕੁਮਾਰ ਆਦਿ ਮੌਜੂਦ ਸਨ।

## ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੈਸਟ ਫੈਕਲਟੀ ਅਧਿਆਪਕਾਂ ਦੇ ਸੰਘਰਸ਼ ਦੀ ਮਾਲਵਾ ਰਿਸਰਚ ਸੈਂਟਰ ਪਟਿਆਲਾ ਵੱਲੋਂ ਹਮਾਇਤ

ਵਰਲਡ ਪੰਜਾਬੀ ਟਾਈਮਜ਼ — ਡਾ. ਭਗਵੰਤ ਸਿੰਘ

ਪਟਿਆਲਾ 25 ਅਗੱਸਤ : ਮਾਲਵਾ ਰਿਸਰਚ ਸੈਂਟਰ ਪਟਿਆਲਾ ਅਤੇ ਗੁਰਮਤਿ ਲੋਕਧਾਰਾ ਵਿਚਾਰਮੰਚ ਪਟਿਆਲਾ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਕੇਂਦਰਾਂ ਨੇਬਰਹੁੱਡ ਕੈਂਪਸ ਅਤੇ ਕਾਂਸਟੀਚਿਊਟ ਕਾਲਜਾਂ ਵਿੱਚ ਕੰਮ ਕਰਦੇ ਗੈਸਟ ਫੈਕਲਟੀ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੰਘਰਸ਼ੀ ਅਧਿਆਪਕਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਨੂੰ ਆਦੇਸ਼ ਜਾਰੀ ਕੀਤੇ ਜਾਣ। ਸੈਂਟਰ ਦੇ ਸਰਪ੍ਰਸਤ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਡਾ. ਤੇਜਵੰਤ ਮਾਨ ਸਾਹਿਤ ਰਤਨ, ਪ੍ਰਧਾਨ ਜਗਦੀਪ ਸਿੰਘ ਗੰਧਾਰਾ ਐਡਵੋਕੇਟ ਅਤੇ ਜਨਰਲ ਸਕੱਤਰ ਡਾ. ਭਗਵੰਤ ਸਿੰਘ ਨੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿੱਚ ਹੋ ਕਿਹਾ ਕਿ ਅਧਿਆਪਕ ਸਮਾਜ ਨੂੰ ਸ਼ੀਸ਼ਾ ਦਿਖਾਉਣ ਵਾਲੇ ਅਤੇ ਦੇਸ਼ ਦੇ ਭਵਿੱਖ ਦੇ ਨਿਰਮਾਤਾ ਹੁੰਦੇ ਹਨ। ਅਧਿਆਪਕਾਂ ਪ੍ਰਤੀ ਯੂਨੀਵਰਸਿਟੀ ਦਾ ਵਤੀਰਾ ਨਿੰਦਣਯੋਗ ਹੈ। ਇਸ ਲਈ ਲੋਕ ਹਿਤੂ ਸ਼ਕਤੀਆਂ ਇੱਕਤਰ ਹੋ ਕੇ ਅਧਿਆਪਕਾਂ ਦੀ ਡਟਵੀਂ ਹਮਾਇਤ ਕਰਨ।

## ਸਿਹਤ ਕਰਮਚਾਰੀਆਂ ਵੱਲੋਂ ਪਿੰਡ ਮੰਗਵਾਲ ਵਿਖੇ ਡੇਂਗੂ ਬੀਮਾਰੀ ਤੋਂ ਬਚਾਅ ਲਈ ਲਾਰਵੀਸਾਈਡ ਸਪਰੇਅ ਕੀਤੀ

ਵਰਲਡ ਪੰਜਾਬੀ ਟਾਈਮਜ਼ — ਇੰਦਰਜੀਤ ਸਿੰਘ

ਸੰਗਰੂਰ 25 ਅਗਸਤ : ਸਿਵਲ ਸਰਜਨ ਡਾਕਟਰ ਕਿਰਪਾਲ ਸਿੰਘ ਜੀ ਦੇ ਹੁਕਮਾਂ ਅਤੇ ਸੀਨੀਅਰ ਮੈਡੀਕਲ ਅਫਸਰ ਲੌਂਗੋਵਾਲ ਡਾਕਟਰ ਹਰਪ੍ਰੀਤ ਸਿੰਘ ਜੀ ,ਜਿਲ੍ਹਾ ਐਪੀਡੀਮੈਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਹੈਲਥ ਸੁਪਰਵਾਈਜ਼ਰ ਬਲਕਾਰ ਸਿੰਘ ਸੋਹੀ ਜੀ,ਚਮਕੌਰ ਸਿੰਘ ਜੀ ਦੀ ਅਗਵਾਈ ਵਿਚ ਪਿੰਡ ਮੰਗਵਾਲ ਵਿੱਚ ਲੋਕਾਂ ਨੂੰ ਡੇਂਗੂ ਬੁਖਾਰ ਤੋਂ ਬਚਾਅ, ਉਸਦੇ ਲੱਛਣ ਅਤੇ ਇਲਾਜ ਸੰਬੰਧੀ ਦੱਸਿਆ ਗਿਆ,ਲਾਰਵੀਸਾਈਡ ਸਪਰੇਅ ਕੀਤੀ



ਗਈ ।ਇਸ ਐਕਟੀਵਿਟੀ ਨੂੰ ਕਰਵਾਉਣ ਦਾ ਮੰਤਵ ਲੋਕਾਂ ਨੂੰ ਡੇਂਗੂ ਬੁਖਾਰ ਤੋਂ ਬਚਾਅ ਸਬੰਧੀ ਜਾਗਰੂਕ ਕਰਨਾ ਹੈ। ਐਕਟੀਵਿਟੀ ਰਾਹੀਂ ਦੱਸਿਆ ਗਿਆ ਕਿ ਡੇਂਗੂ ਕਾਰਨ ਤੇਜ ਬੁਖਾਰ ਮਾਸਪੇਸ਼ੀਆਂ ਵਿਚ ਤੇਜ ਦਰਦ ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜੇ ਵਿਚੋਂ ਖ਼ੂਨ ਆਉਣਾ ਇਸਦੇ ਲੱਛਣ ਹਨ। ਅਜਿਹੀ ਸਥਿਤੀ ਵਿੱਚ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸੰਪਰਕ ਕੀਤਾ ਜਾਵੇ। ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰੋ, ਪੂਰੀ ਬਾਹਵਾਂ ਦੇ ਕੱਪੜੇ ਪਹਿਨੋ, ਮੱਛਰ ਦਾਨੀ ਅਤੇ ਮੱਛਰ ਵਾਲੀ ਕਰੀਮ ਵਰਤੋ। ਬੁਖਾਰ ਹੋਣ ਤੇ ਸਿਰਫ ਪੈਰਾਸਿਟਾਮੋਲ ਵਰਤੋ। ਟੁੱਟੇ ਬਰਤਨ, ਡ੍ਰਮ, ਟਾਇਰ ,ਖੁੱਲ੍ਹੇ ਵਿੱਚ ਨਾਂ ਰੱਖੋ। ਪਾਣੀ ਅਤੇ ਤਰਲ ਚੀਜ਼ਾਂ ਜਿਆਦਾ ਪੀਓ ਅਤੇ ਆਰਾਮ ਕਰੋ। ਇਸ ਦੌਰਾਨ ਪੈਂਫਲੈਂਟ ਵੀ ਵੰਡੇ ਗਏ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਿਹਤ ਕਰਮਚਾਰੀ , ਇੰਦਰਜੀਤ ਸਿੰਘ,ਮਨਜਿੰਦਰ ਸਿੰਘ, ਸਰਬਜੀਤ ਸਿੰਘ,ਰਵਿੰਦਰ ਸਿੰਘ ਤੇ ਬਾਕੀ ਸਟਾਫ਼ ਨੇ ਪੂਰਨ ਸ਼ਮੂਲੀਅਤ ਕੀਤੀ।

## ਸੋਚ ਵਿਗਿਆਨਕ ਬਣਾਓ – ਤਰਕਸ਼ੀਲ

### ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ

ਸੰਗਰੂਰ 25 ਅਗਸਤ : ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ , ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ ਉਪਲੀ ਤੇ ਗੁਰਦੀਪ ਸਿੰਘ ਲਹਿਰਾ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ



ਚਲਾਈ ਮੁਹਿੰਮ ਦੀ ਲੜੀ ਵਿੱਚ
ਅਜ ਸਥਾਨਕ ਬਚਪਨ ਇੰਗਲਿਸ਼ ਸਕੂਲ ਵਿਖੇ ਇਕ ਸਿਖਿਆਦਾਇਕ , ਤਰਕਸ਼ੀਲ ਪਰੋਗਰਾਮ ਦਿੱਤਾ । ਸਕੂਲ ਕੋਆਰਡੀਨੇਟਰ ਮੈਡਮ ਮੋਨਿਕਾ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ, ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ,ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।

ਇਸ ਮੌਕੇ ਉਨ੍ਹਾਂ ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣਾ ਹੈ।ਇਹ ਪ੍ਰੀਖਿਆ ਸਤੰਬਰ ਟੈਸਟ ਤੋਂ ਛੇਤੀ ਬਾਅਦ ਹੋਵੇਗੀ ਤੇ ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤਕ ਦੇ ਵਿਦਿਆਰਥੀ ਸ਼ਾਮਿਲ ਹੋ ਸਕਦੇ ਹਨ। ਪ੍ਰੀਖਿਆ ਓ ਐਮ ਆਰ ਸ਼ੀਟ ਤੇ ਹੋਵੇਗੀ,ਰੋਲ ਨੰਬਰ ਛਪੇ ਹੋਣਗੇ,100 ਬਹੁ ਚੋਣਾਵੀ ਪ੍ਰਸ਼ਨ ਹੋਣਗੇ ਤੇ ਕੰਮਪਿਊਟਰ ਦੁਆਰਾ ਚੈਕ ਹੋਣਗੇ।ਮਿਡਲ ਤੇ ਸੈਕੰਡਰੀ ਪੱਧਰ ਤੇ ਦੋ ਪ੍ਰਸ਼ਨ ਪੱਤਰ ਹੋਣਗੇ।ਸੂਬਾ,ਜੋਨ ਤੇ ਇਕਾਈ ਪੱਧਰੀ ਕਲਾਸ ਵਾਇਜ਼ ਮੈਰਿਟ ਬਣੇਗੀ। ਹਰ ਕਲਾਸ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀ ਸੂਬਾ ਪੱਧਰੀ ਮੈਰਿਟ ਵਿੱਚ ਹੋਣਗੇ, ਤੇ ਉਨ੍ਹਾਂ ਨੂੰ 1500/- ਰੁਪਏ ਨਕਦ ਇਨਾਮ, ਵਿਗਿਆਨਕ ਵਿਚਾਰਾਂ ਦੀ ਪੁਸਤਕਾਂ,ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਨਾਲ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕਰਕੇ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰ੍ਹਾਂ ਜੋਨ ਤੇ ਇਕਾਈ ਪੱਧਰੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਵਾਲੀਆਂ ਪੁਸਤਕਾਂ,ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਇਸ ਸਾਲ ਬਚਪਨ ਇੰਗਲਿਸ਼ ਸਕੂਲ ਵੀ ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦਾ ਪ੍ਰੀਖਿਆ ਕੇਂਦਰ ਹੋਵੇਗਾ।

ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਿਲੇਬਸ ਪੁਸਤਕ ਲੈ ਕੇ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ। ਵਾਇਸ ਪ੍ਰਿੰਸੀਪਲ ਮੈਡਮ ਅੰਜੂ ਨੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਧੰਨਵਾਦ ਕੀਤਾ ਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਵਾਉਣ ਦਾ ਵਿਸ਼ਵਾਸ ਦਵਾਇਆ ।ਇਸ ਪ੍ਰੋਗਰਾਮ ਵਿੱਚ ਉਪਰੋਕਤ ਤੋਂ ਇਲਾਵਾ ਮੈਡਮ ਸ਼ਿਲਪਾ,ਮੈਡਮ ਸੁਸ਼ਮਾ, ਰੀਤੂ ਹੰਸ ਮੈਡਮ, ਗੁਰਵਿੰਦਰ ਕੌਰ ਮੈਡਮ,ਸਰਵਜੀਤ ਕੌਰ , ਲਵਦੀਪ ਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

## ਸ. ਅਵਤਾਰ ਸਿੰਘ ਤੂਫ਼ਾਨ ਰਚਿਤ "ਸਿੱਖੀ ਦੀ ਮਹਿਕ" ਪੁਸਤਕ ਦਾ ਲੋਕ ਅਰਪਣ ਸਮਾਰੋਹ ਯਾਦਗਾਰੀ ਰਿਹਾ

ਲੁਧਿਆਣਾਃ 25 ਅਗਸਤ: ਬਹੁਪੱਖੀ ਸਾਹਿਤਕਾਰ, ਪੱਤਰਕਾਰ, ਪੰਜਾਬੀ ਭਾਸ਼ਾ ਦੇ ਪਹਿਲੇ ਜਸੂਸੀ ਨਾਵਲਕਾਰ, ਪੰਜਾਬ ਰਾਜ ਬਿਜਲੀ ਬੋਰਡ ਦੇ ਮੁੱਖ ਸੂਚਨਾ ਅਫ਼ਸਰ ਅਤੇ ਪੰਥਕ ਕਵੀ ਸੁਰਗੀ ਸ੍ਰ. ਅਵਤਾਰ ਸਿੰਘ ਤੂਫਾਨ ਦੀ 27ਵੀਂ ਬਰਸੀ ਮੌਕੇ ਉਨ੍ਹਾਂ ਦੀ ਕਾਵਿ ਪੁਸਤਕ "ਸਿੱਖੀ ਦੀ ਮਹਿਕ" ਦਾ ਲੋਕ ਅਰਪਣ ਸਮਾਰੋਹ ਯਾਦਗਾਰੀ ਹੋ ਨਿਬੜਿਆ। ਪੰਜਾਬੀ ਭਵਨ ਲੁਧਿਆਣਾ ਦੇ ਰਾਣਾ ਦਲਜੀਤ ਸਿੰਘ ਸੈਮੀਨਾਰ ਹਾਲ ਵਿਖੇ ਸ਼੍ਰੋਮਣੀ ਲਿਖਾਰੀ ਬੋਰਡ (ਰਜਿ.) ਵਲੋਂ ਕਰਵਾਏ ਸਮਾਗਮ ਵਿੱਚ ਸੈਂਕੜਿਆਂ ਦੀ ਗਿਣਤੀ ਵਿਚ ਪੁੱਜੇ ਲੇਖਕਾਂ, ਕਲਾਕਾਰਾਂ, ਸਾਹਿਤਕਾਰਾਂ, ਗੀਤਕਾਰਾਂ, ਕਵੀਆਂ/ਕਵਿਤਰੀਆਂ ਅਤੇ ਵਿਦਿਅਕ ਮਾਹਰਾਂ ਦੀ ਹਾਜ਼ਰੀ ਵਿਚ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਤੇ ਜ. ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਉਪ ਪ੍ਰਧਾਨ ਤ੍ਰੈਲੋਚਨ ਲੋਚੀ, ਡਾ. ਗੁਰਚਰਨ ਕੌਰ ਕੋਚਰ,ਨੈਸ਼ਨਲ ਤੇ ਸਟੇਟ ਐਵਾਰਡੀ ਅਧਿਆਪਕਾ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਸਾਬਕਾ ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ,ਸਮਾਰੋਹ ਦੀ ਪ੍ਰਬੰਧਕ ਸੰਸਥਾ ਦੇ ਪ੍ਰਧਾਨ ਪ੍ਰਭਕਿਰਨ ਸਿੰਘ ਤੇ ਜ. ਸਕੱਤਰ ਪਵਨਪ੍ਰੀਤ ਸਿੰਘ ਤੂਫਾਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ,ਸ਼੍ਰੋਮਣੀ ਸਾਹਿਤਕਾਰ ਡਾ. ਫਕੀਰ ਚੰਦ ਸ਼ੁਕਲਾ ਅਤੇ ਪ੍ਰੀਤ ਸਾਹਿਤ ਸਦਨ ਦੇ ਪ੍ਰਧਾਨ ਡਾ. ਮਨੋਜ ਪ੍ਰੀਤ ਵਲੋਂ ਸਾਂਝੇ ਤੌਰ ਤੇ ਲੋਕ



ਅਰਪਣ ਦੀ ਰਸਮ ਅਦਾ ਕੀਤੀ ਗਈ ਜਦਕਿ ਵਿਸ਼ਵ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਜੁਗਿੰਦਰ ਸਿੰਘ ਕੰਗ ਵਲੋਂ ਪੁਸਤਕ ਸਬੰਧੀ ਜਾਣਕਾਰੀ ਭਰਪੂਰ ਪੇਪਰ ਪੜ੍ਹਿਆ ਗਿਆ। ਅਵਤਾਰ ਸਿੰਘ ਤੂਫ਼ਾਨ ਜੀ ਨੂੰ ਅਕੀਦਤ ਦੇ ਫੁੱਲ ਭੇਂਟ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਮੁੱਖ ਸੂਚਨਾ ਅਫ਼ਸਰ ਵਜੋਂ ਅਗਾਊਂ ਸੇਵਾ ਮੁਕਤੀ ਲੈ ਕੇ ਰੋਜ਼ਾਨਾ ਪੰਜਾਬੀ ਅਖ਼ਬਾਰ "ਸ਼੍ਰੋਮਣੀ ਪੰਜਾਬ" ਲੁਧਿਆਣਾ ਤੋਂ ਸ਼ੁਰੂ ਕੀਤਾ।
ਇਸ ਤੋਂ ਪਹਿਲਾਂ ਸ਼੍ਰੀਮਤੀ ਨਿਰਅੰਜਨ ਅਵਤਾਰ ਮਾਸਿਕ ਪੱਤਰ " ਤ੍ਰਿੰਞਣ" ਲੰਮਾ ਸਮਾਂ ਪ੍ਰਕਾਸ਼ਿਤ ਕਰਦੇ ਰਹੇ। ਮੈਨੂੰ ਮਾਣ ਹੈ ਕਿ ਇਸ ਰਸਾਲੇ ਵਿੱਚ ਮੈ ਮੁਢਲੇ ਦੌਰ ਵਿੱਚ ਛਪਦਾ ਰਿਹਾ ਹਾਂ। ਪੰਜਾਬੀ ਸਾਹਿੱਤ ਸਭਾ ਲੁਧਿਆਣਾ ਦੀਆਂ 1971-72 ਵੇਲੇ ਮਾਸਿਕ ਇਕੱਤਰਤਾ ਵੀ ਇਨ੍ਹਾਂ ਦੇ ਮੋਚਪੁਰਾ ਬਾਜ਼ਾਰ ਸਥਿਤ ਘਰ ਵਿੱਚ ਵੀ ਹੁੰਦੀ ਸੀ ਜਿੱਥੇ ਅਸੀਂ ਸਿਖਾਂਦਰੂ ਲੋਕ ਸ਼ਾਮਿਲ ਹੋਣ ਤੇ ਕੁਝ ਨਾ ਕੁਝ ਨਵਾਂ ਸਿੱਖਣ ਜਾਂਦੇ ਸਾਂ। ਸ. ਜਗਦੇਵ ਸਿੰਘ ਜੱਸੋਵਾਲ ਉਨ੍ਹਾਂ ਦੇ ਆਰੀਆ ਕਾਲਿਜ ਵਿੱਚ ਸਹਿਪਾਠੀ ਸਨ।
ਸ. ਅਵਤਾਰ ਸਿੰਘ ਤੂਫ਼ਾਨ ਨੇ 1973 ਵਿੱਚ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਾਲੇ ਸਥਾਨ ਤੇ ਖੁੱਲ੍ਹੀ ਗਰਾਊਂਡ ਵਿੱਚ ਵੱਡਾ ਸਭਿਆਚਾਰਕ ਮੇਲਾ ਕਰਵਾਇਆ ਜਿਸ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦੇ ਨਵੇਂ ਬਣੇ ਚੇਅਰਮੈਨ ਸ. ਜ਼ੋਰਾ ਸਿੰਘ ਬਰਾੜ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਕੀਤੀ। ਇਸ ਸਮਾਗਮ ਦੀ ਯਾਦਗਾਰੀ ਗੱਲ ਇਹ ਸੀ ਕਿ ਸਮਾਗਮ ਵਿੱਚ ਪੰਜਾਬ ਦੇ ਸਭ ਸਿਰਕੱਢ ਗਾਇਕਾਂ ਨੇ ਗਾਇਆ। ਬਾਦ ਵਿੱਚ ਪੰਜਾਬ ਦੇ ਸ਼੍ਰੋਮਣੀ ਗਾਇਕ ਬਣੇ ਉਸਤਾਦ ਸੁਰਿੰਦਰ ਸ਼ਿੰਦਾ ਨੇ ਪਹਿਲੀ ਵਾਰ ਇਸੇ ਸਟੇਜ ਤੇ ਉਸਤਾਦ ਜਸਵੰਤ ਭੰਵਰਾ ਜੀ ਦੇ ਸੰਗੀਤ ਵਿੱਚ ਗਾਇਆ। ਮੈਂ ਤੇ ਸ਼ਮਸ਼ੇਰ ਸਿੰਘ ਸੰਧੂ ਇਸ ਸਮਾਗਮ ਵਿੱਚ ਸਰੋਤਿਆਂ ਵਜੋਂ ਹਾਜ਼ਰ ਸਾਂ। 23 ਅਗਸਤ 1997 ਨੂੰ ਤੂਫ਼ਾਨ ਜੀ ਅਚਨਚੇਤ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਸਪੁੱਤਰ ਪ੍ਰਭ ਕਿਰਨ ਸਿੰਘ ਦੀ ਅਗਵਾਈ ਵਿੱਚ ਸਮੁੱਚੇ ਪਰਿਵਾਰ ਨੇ ਉਨ੍ਹਾਂ ਦੀਆਂ ਸਿੱਖ ਧਰਮ ਨਾਲ ਸਬੰਧਤ ਕਵਿਤਾਵਾਂ ਦਾ ਸੰਗ੍ਰਹਿ "ਸਿੱਖੀ ਦੀ ਮਹਿਕ" ਪ੍ਰਕਾਸ਼ਿਤ ਕਰਵਾਈ ਹੈ ਇਹ ਸ਼ੁਭ ਕਾਰਜ ਹੈ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸ੍ਰ. ਅਵਤਾਰ ਸਿੰਘ ਤੂਫਾਨ ਸਟੇਜ ਦੇ ਨਾਲ ਨਾਲ ਕਲਮ ਦੇ ਵੀ ਅਜਿਹੇ ਧਨੀ ਸਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਦੇ ਹਰ ਖੇਤਰ ਵਿਚ ਸਫਲਤਾ ਪੂਰਵਕ ਹੱਥ ਅਜ਼ਮਾਇਆ ਅਤੇ ਮਾਂ ਬੋਲੀ ਪੰਜਾਬੀ ਨੂੰ ਹੋਰ ਪ੍ਰਫੁੱਲਤ ਕਰਨ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ। ਛੰਦਾਬੰਦੀ ਵਿਚ ਲਿਖੀਆਂ ਉਨ੍ਹਾਂ ਦੀਆਂ ਕਵਿਤਾਵਾਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਪਿੰਗਲ ਅਤੇ ਅਰੂਜ਼ ਦਾ ਗੂੜ੍ਹਾ ਗਿਆਨ ਸੀ। "ਸਿੱਖੀ ਦੀ ਮਹਿਕ" ਉਨ੍ਹਾਂ ਦੀਆਂ ਲਿਖੀਆਂ ਨਿਰੋਲ ਧਾਰਮਿਕ ਕਵਿਤਾਵਾਂ ਦੀ ਪੁਸਤਕ ਹੈ ਜਦਕਿ ਤੂਫ਼ਾਨ ਜੀ ਦੀਆਂ ਪੰਥਕ ਸ਼ਾਨਾਂ, ਜਾਗੋ ਤੇ ਜਗਾਓ, ਬਾਬਾ ਲੰਗੋਟੀ ਵਾਲਾ (ਬਾਲ ਸਾਹਿਤ) , ਚਾਰ ਸਾਥੀ (ਬਾਲ ਸਾਹਿਤ), ਸਾਡਾ ਥਾਈ ਸਫ਼ਰਨਾਮਾ, ਜਦੋਂ ਅਸੀਂ ਟੀ ਵੀ ਬਣੇ (ਹਾਸ ਵਿਅੰਗ), ਖ਼ੂਨੀ ਕਵੀ (ਜਾਸੂਸੀ ਨਾਵਲ) ਦੀਆਂ ਪੁਸਤਕਾਂ ਪਹਿਲਾਂ ਹੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਲੇਖਕ ਦੇ ਸਾਹਿਤਕ ਸਫਰ ਬਾਰੇ ਰੌਸ਼ਨੀ ਪਾਉਂਦਿਆਂ ਉਨ੍ਹਾਂ ਕਿਹਾ ਕਿ ਤੂਫਾਨ ਸਾਹਿਬ ਨੂੰ ਕਵਿਤਾ ਲਿਖਣ ਅਤੇ ਬੋਲਣ ਦੀ ਗੁੜ੍ਹਤੀ ਵਿਰਸੇ ਵਿਚ ਹੀ ਮਿਲ ਗਈ ਸੀ ਕਿਉਂਕਿ ਇਨ੍ਹਾਂ ਦੇ ਪਿਤਾ ਸੰਤੋਖ ਸਿੰਘ ਕਾਮਿਲ ਉਰਦੂ ਦੇ ਨਾਮਵਰ ਸ਼ਾਇਰ ਸਨ ਤੇ ਇਨ੍ਹਾਂ ਦੀ ਧਰਮਪਤਨੀ ਸ੍ਰ. ਸ਼੍ਰੀਮਤੀ ਨਿਰਅੰਜਨ ਅਵਤਾਰ ਕੌਰ ਵੀ ਕਵਿੱਤਰੀ ਹੋਣ ਦੇ ਨਾਲ ਨਾਲ ਬਹੁਪੱਖੀ ਲੇਖਕ ਸੀ। ਤੂਫ਼ਾਨ ਸਾਹਿਬ ਆਪਣੇ ਵਿਦਿਆਰਥੀ ਜੀਵਨ ਦੌਰਾਨ ਕਾਲਜ ਮੈਗਜ਼ੀਨ ਦੇ ਸੰਪਾਦਕ ਰਹੇ, ਸਰਕਾਰੀ ਸੇਵਾ ਦੌਰਾਨ ਮੁਲਜ਼ਮਾਂ ਦੀ ਜੱਥੇਬੰਦੀ ਵਲੋਂ ਅੰਦੋਲਨ ਨਾਂ ਦਾ ਪੰਦਰਵਾੜਾ ਅਖਬਾਰ ਪ੍ਰਕਾਸ਼ਿਤ ਕਰਦੇ ਰਹੇ। ਪੰਥਕ ਕਵੀ ਅਤੇ ਸ਼੍ਰੋਮਣੀ ਲਿਖਾਰੀ ਬੋਰਡ ਰਜਿ ਦੇ ਸਰਪ੍ਰਸਤ ਹਰਦੇਵ ਸਿੰਘ ਕਲਸੀ, ਚਰਨਜੀਤ ਸਿੰਘ ਚੰਨ, ਭੁਪਿੰਦਰ ਸਿੰਘ ਸੈਣੀ ਅਤੇ ਦਲਬੀਰ ਸਿੰਘ ਕਲੇਰ ਨੇ ਤੂਫ਼ਾਨ ਸਾਹਿਬ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ ਜਦਕਿ ਸੰਗੀਤ ਨਿਰਦੇਸ਼ਕ ਅਤੇ ਗਾਇਕ ਭਗਵੰਤ ਸਿੰਘ ਅਹੂਜਾ, ਪ੍ਰਮਿੰਦਰ ਸਿੰਘ ਅਲਬੇਲਾ, ਸਪੈਸ਼ਲ ਚਾਇਲੰਡ ਸ਼ਰੂਤੀ, ਸ੍ਰੀਮਤੀ ਕੰਵਲ ਵਾਲੀਆ, ਸੁਨਿਧੀ ਸ਼ਰਮਾ, ਕਮਲਪ੍ਰੀਤ ਕੌਰ ਅਤੇ ਇੰਦਰਜੀਤ ਕੌਰ ਲੋਟੇ ਆਦਿ ਗਾਇਕ, ਗਾਇਕਾਵਾਂ ਅਤੇ ਕਲਾਕਾਰਾਂ ਵਲੋਂ ਤੂਫਾਨ ਸਾਹਿਬ ਅਤੇ ਬੀਬੀ ਨਿਰਅੰਜਨ ਅਵਤਾਰ ਕੌਰ ਦੇ ਲਿਖੇ ਗੀਤਾਂ ਨੂੰ ਆਪਣੇ ਸੁਰਾਂ ਨਾਲ ਸਜਾ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ। ਇਸ ਮੌਕੇ ਕੇ. ਸਾਧੂ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਲੈਕਚਰਾਰ ਗੁਰਪ੍ਰੀਤ ਕੌਰ, ਐਡਵੋਕੇਟ ਪਰਮਜੀਤ ਕਪੂਰ, ਹਰਮੀਤ ਕੌਰ ਸੂਦ, ਮਨਿੰਦਰ ਸਿੰਘ ਸੂਦ, ਜਗਜੀਤ ਸਿੰਘ ਚੋਪੜਾ, ਭਵਜੋਤ ਕੌਰ, ਗੀਤਕਾਰ ਸੁਖਬੀਰ ਸੰਧੇ, ਸਾਹਿਕਾਰਾ ਗੁਰਜਿੰਦਰ ਕੌਰ ਰਿਤੂ, ਪ੍ਰੀਤ ਸਾਹਿਤ ਸਦਨ ਤੋਂ ਰੀਮਾ ਸ਼ਰਮਾ, ਜਸਬੀਰ ਸਿੰਘ ਛਤਵਾਲ, ਸਕੂਲ ਆਫ ਐਮੀਨੈਨੰਸ ਦੇ ਕੈਂਪਸ ਮਨੇਜਰ ਜਸਮੇਲ ਸਿੰਘ ਰੰਧਾਵਾ, ਡਾ. ਸ਼ਮਸ਼ੇਰ ਸਿੰਘ ਸੰਧੂ, ਸੁਰਿੰਦਰ ਸਿੰਘ ਕਾਲੜਾ, ਹਰਜੀਤ ਸਿੰਘ, ਵਿਜੇ ਕੁਮਾਰ, ਆਲ ਇੰਡੀਆ ਰਾਮਗੜ੍ਹੀਆ ਬੋਰਡ ਤੋਂ ਦਵਿੰਦਰ ਸਿੰਘ ਪਨੇਸਰ, ਬੀਬੀ ਰਾਜਵਿੰਦਰ ਕੌਰ, ਸੁਸ਼ੀਲ ਕੁਮਾਰ, ਪੂਨਮ, ਨੀਲਮ, ਸੀਮਾ, ਰਿੰਕੀ, ਕਿਰਨਜੋਤ ਕੌਰ, ਮਲਕੀਤ ਸਿੰਘ ਮਾਲਹੜਾ, ਦੀਪ ਇੰਦਰ ਸਰ, ਗੀਤਾਂਜਲੀ ਮੈਡਮ, ਇਲਮਾ ਫਾਰਮੇਸੀ ਦੇ ਮਾਲਕ ਰਵੀ ਰੂਪ ਸਿੰਘ, ਨਿਊ ਇਰਾ ਪਬਲਿਕ ਸਕੂਲ ਦੀ ਪ੍ਰਿੰਸੀਪਲ ਦਿਸ਼ਾ ਬਾਗਰਾ, ਕੋਆਰਡੀਨੇਟਰ ਨੇਹਾ ਬੇਦੀ, ਪੂਜਾ ਦੇਵੀ, ਜੋਤੀ ਸ਼ਰਮਾ, ਸਰਿਤਾ ਵਰਮਾ, ਜੋਤੀ ਮਹਿਰਾ, ਨੇਸ਼ਨਜ਼ ਪ੍ਰਾਈਡ ਜੂਨੀਅਰ ਸਕੂਲ ਦੇ ਪ੍ਰਿੰਸੀਪਲ ਅਰੁਨ ਗੋਸਵਾਮੀ, ਮਮਤਾ ਗੋਸਵਾਮੀ, ਕੈਰੀਅਰ ਕਾਲਜ ਆਈ ਟੀ ਸੀ ਦੀ ਇੰਸਟ੍ਰਕਟਰ ਅਮਰਪ੍ਰੀਤ ਕੌਰ, ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਯੂਨੀਅਨ ਦੇ ਪ੍ਰਧਾਨ ਅਰਮਾਨ ਬਿਰਲਾ, ਵਿਜੇ ਕਲਿਆਣ, ਧਾਰਮਿਕ ਏਕਤਾ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਅਜੈ ਸਿੱਧੂ, ਸਰਬਜੀਤ ਕੌਰ, ਸੁਖਵਿੰਦਰ ਕੌਰ, ਜਸਮੀਤ ਕੌਰ, ਏਕਮਜੋਤ ਕੌਰ, ਸਿਮਰਨਜੀਤ ਕੌਰ, ਗੁਰਦੇਵ ਸਿੰਘ, ਗੁਰਵਿੰਦਰ ਸਿੰਘ ਚਾਹਲ, ਸੰਪੂਰਨ ਸਿੰਘ, ਰਾਕੇਸ਼ ਸ਼ਰਮਾ, ਰਵਿੰਦਰ ਕੁਮਾਰ, ਮਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਿਦਿਆਰਥੀ, ਮੁਲਾਜ਼ਮ ਜਥੇਬੰਦੀਆਂ ਦੇ ਕਈ ਮੈਂਬਰ, ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ ਜਦਕਿ ਆਏ ਵਿਸ਼ੇਸ਼ ਮਹਿਮਾਨਾਂ ਨੂੰ ਤੂਫਾਨ ਸਾਹਿਬ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਰਜਿ. ਵਲੋਂ ਯਾਦਕਾਰੀ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ।

## ਪਗੜੀ ?

ਪੱਗ, ਪਾਗ ਕਿਤੇ ਪਏ ਕਹਿਣ ਸਾਫਾ,
ਨਾਮ ਸਾਂਝਾ ਜਿਹਾ ਪ੍ਰਵਾਨ ਪਗੜੀ।

ਚੰਦ ਗਜ ਦਾ ਸਿਰ ਤੇ ਕੱਪੜਾ ਨਈਂ,
ਮੱਧ-ਏਸ਼ੀਆ ਦਾ ਇੱਜ਼ਤ-ਮਾਨ ਪਗੜੀ।

ਵੱਖੋ ਵੱਖ ਸੱਭੇ ਭਾਈਚਾਰਿਆਂ ਵਿੱਚ,
ਬੰਨ੍ਹੀ ਜਾਂਦੀ ਏ ਵਿੱਚ ਹਿੰਦੁਸਤਾਨ ਪਗੜੀ।

ਲੜ ਛੱਡਵੀਂ ਜਾਟ ਹਰਿਆਣਵੀ ਦੀ,
ਬਹੁਰੰਗੀ ਹੈ ਵਿੱਚ ਰਾਜਸਥਾਨ ਪਗੜੀ।

ਖਾਸ ਮੌਕਿਆਂ ਤੇ ਹਿੰਦੂ ਧਰਮ ਵਾਲੇ,
ਸਾਰੇ ਬੰਨ੍ਹਦੇ ਮੁੱਖ ਮਹਿਮਾਨ ਪਗੜੀ।


ਜਿੰਨੇ ਮੋਹਤਬਰ ਸਭਾ, ਸੁਸਾਇਟੀਆਂ ਦੇ,
ਸਿਰ ਸਾਜਦੇ ਨੇ ਮੁਸਲਮਾਨ ਪਗੜੀ।

ਹੱਦਾਂ ਟੱਪੀਏ ਤਾਂ ਕਿੰਨੇ ਹੀ ਖਿੱਤਿਆਂ ਵਿੱਚ,
ਦਿੱਸ ਪੈਂਦੀ ਹੈ ਵਿੱਚ ਪਾਕਿਸਤਾਨ ਪਗੜੀ।

ਅੱਗੇ ਹੋਰ ਜੇ ਥੋੜਾ ਕੁ ਨਜ਼ਰ ਮਾਰੋ,
ਹਿੱਸਾ ਬਾਣੇ ਦਾ ਮੰਨਣ ਅਫਗਾਨ ਪਗੜੀ।

ਐਪਰ ਦਿੱਖ ਦਾ ਕਰੋ ਮੁਕਾਬਲਾ ਜੇ,
ਬੱਸ ਪੰਜਾਬੀ ਦੀ ਕਰੇ ਹੈਰਾਨ ਪਗੜੀ।

ਘੜਾਮੇਂ ਵਾਲੇ ਦਾ ਅੱਡਿਆ ਮੂੰਹ ਰਹਿ ਗਿਆ,
ਜਦੋਂ ਰੋਮੀ ਨੇ ਧਰੀ ਧਿਆਨ ਪਗੜੀ।



## ਮਹਿਲ ਕਲਾਂ ਦੇ ਇਤਿਹਾਸ 'ਚ ਪਹਿਲੀ ਵਾਰ ਹੋਈ 20 ਕਿਲੋਮੀਟਰ ਸਾਇਕਲ ਮੈਰਾਥਨ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ

ਜਗਮੋਹਣ ਸ਼ਾਹ ਰਾਏਸਰ

ਮਹਿਲ ਕਲਾਂ, 25 ਅਗਸਤ : ਮਹਿਲ ਕਲਾਂ ਇਲਾਕੇ ਦੇ ਲੋਕਾਂ ਨੂੰ ਤੰਦਰੁਸਤ ਬਣਾਉਣ ਦੇ ਮਸਕਦ ਨਾਲ ਨੌਜਵਾਨ ਫਿਟਨੈੱਸ ਟਰੇਨਰ ਅਰਸ਼ਦੀਪ ਸਿੰਘ ਗੁਰੂ ਵਲੋਂ ਇਲਾਕੇ ਦੇ ਸਮੂਹ ਨੌਜਵਾਨਾਂ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਮਹਿੰਮ ਤਹਿਤ ਅੱਜ 25 ਕਿਲੋਮੀਟਰ ਸਾਈਕਲ ਮੈਰਾਥਨ ਕਰਵਾਈ ਗਈ। ਜਿਸ ਦੌਰਾਨ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ 150 ਦੇ ਕਰੀਬ ਲੋਕਾਂ ਨੇ ਉਤਸ਼ਾਹਪੂਰਵਕ ਢੰਗ ਨਾਲ ਭਾਗ ਲਿਆ। ਭਾਗ ਲੈਣ ਵਾਲਿਆਂ 'ਚ 6



ਸਾਲਾਂ ਦੇ ਬੱਚੇ ਤੋਂ ਲੈ ਕੇ 62 ਸਾਲਾਂ ਤੱਕ ਦੇ ਵਿਅਕਤੀ ਜਿੰਨ੍ਹਾਂ 'ਚ ਨੌਜਵਾਨ ਲੜਕੇ, ਲੜਕੀਆਂ, ਅਧਿਆਪਕ, ਸਾਬਕਾ ਫ਼ੌਜੀ, ਸਾਬਕਾ ਪੁਲਿਸ ਕਰਮੀ ਸ਼ਾਮਲ। ਸ਼ਹੀਦ ਬੀਬੀ ਕਿਰਨਜੀਤ ਕੌਰ ਸੀਨੀਅਰ ਸੈਕੰਡਰੀ ਸਕੂਲ ਮਹਿਲ ਕਲਾਂ ਦੇ ਖੇਡ ਗਰਾਉਂਡ ਤੋਂ ਸਵੇਰੇ 6 ਵਜੇ ਪੁਲਿਸ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਕਮਲਜੀਤ ਸਿੰਘ ਗਿੱਲ ਨੇ ਨੌਜਵਾਨਾਂ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਮੈਰਾਥਨ ਨੂੰ ਰਵਾਨਾ ਕੀਤਾ। ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਹੋ ਕੇ ਖੇਡਾਂ ਨਾਲ ਜੋੜਨ ਲਈ ਅਜਿਹੇ ਉਪਰਾਲੇ ਪਿੰਡ-ਪਿੰਡ ਹੋਣੇ ਚਾਹੀਦੇ ਹਨ। ਉਨ੍ਹਾਂ ਪੰਜਾਬ ਪੁਲਿਸ ਵਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਹ ਸਾਇਕਲ ਮੈਰਾਥਨ ਮਹਿਲ ਕਲਾਂ ਤੋਂ ਸ਼ੁਰੂ ਹੋ ਕੇ ਮਹਿਲ ਖ਼ੁਰਦ, ਪੰਡੋਰੀ, ਕੁਰੜ, ਛਾਪਾ, ਕੁਤਬਾ, ਬਾਹਮਣੀਆਂ, ਨਿਹਾਲੂਵਾਲ, ਗੰਗੋਹਰ, ਮਹਿਲ ਖ਼ੁਰਦ ਹੁੰਦੀ ਹੋਈ 9 ਵਜੇ ਮੁੜ ਮਹਿਲ ਕਲਾਂ ਗਰਾਉਂਡ 'ਚ ਪਹੁੰਚ ਕੇ ਸਮਾਪਤ ਹੋਈ। ਇਸ ਮੌਕੇ ਸੰਬੋਧਨ ਕਰਦਿਆਂ ਕੋਚ ਅਰਸ਼ ਗੁਰੂ ਨੇ ਸਾਰੇ ਪ੍ਰਤਿਯੋਗੀਆਂ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਅਗਲੇ ਦਿਨੀਂ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਪ੍ਰਤਿਯੋਗੀਆਂ ਦਾ ਵਰਗੀਕਰਨ ਕਰ ਕੇ ਉਨ੍ਹਾਂ ਨੂੰ ਵੱਖੋ-ਵੱਖਰੇ ਡਾਈਟ ਪਲੈਨ ਮੁਹੱਈਆ ਕਰਵਾਏ ਜਾਣਗੇ ਅਤੇ ਖੇਡ ਗਰਾਉਂਡਾਂ ਨਾਲ ਜੁੜੇ ਨਾਮੀ ਚਿਹਰੇ ਇੱਥੇ ਪਹੁੰਚ ਕੇ ਫਿਟਨੈੱਸ ਸਬੰਧੀ ਗੁਰ ਦੇਣਗੇ। ਉਨ੍ਹਾਂ ਹੋਰਾਂ ਲੋਕਾਂ ਨੂੰ ਇਸ ਮਹਿੰਮ ਦਾ ਹਿੱਸਾ ਬਣਨ। ਨੌਜਵਾਨ ਆਗੂ ਗੁਰਪ੍ਰੀਤ ਸਿੰਘ ਅਣਖੀ ਨੇ ਕਿਹਾ ਕਿ ਮਹਿਲ ਕਲਾਂ ਇਤਿਹਾਸ 'ਚ ਪਹਿਲੀ ਸਾਇਕਲ ਮੈਰਾਥਨ ਕਰਵਾਈ ਗਈ ਹੈ, ਲੋਕਾਂ ਵਲੋ ਆਪ ਮੁਹਾਰੇ ਇਸ ਪ੍ਰੋਗਰਾਮ ਦਾ ਹਿੱਸਾ ਬਣਨਾ ਇਕ ਸ਼ੁਭਸ਼ਗਨ ਹੈ, ਕਿ ਲੋਕਾਂ ਲੋਕ 'ਕਾਊਚ ਪੌਟੈਟੋ' ਬਣਨ ਦੀ ਥਾਂ ਗਰਾਊਂਡ ਨਾਲ ਜੁੜਨ ਲੱਗੇ। ਇਸ ਸਾਈਕਲ ਮੈਰਾਥਨ ਦਾ ਪਿੰਡ-ਪਿੰਡ ਲੋਕਾਂ ਵਲੋਂ ਆਪਣੇ ਘਰਾਂ ਤੋਂ ਨਿੱਕਲ ਕੇ ਸੁਆਗਤ ਕੀਤਾ ਗਿਆ। ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ ਸਰਾਂ, ਕਰਮਜੀਤ ਸਿੰਘ ਉੱਪਲ, ਚੇਅਰਮੈਨ ਜਗਸੀਰ ਸਿੰਘ ਖ਼ਾਲਸਾ, ਡਾ. ਮਿੱਠੂ ਮੁਹੰਮਦ ਨੇ ਨੌਜਵਾਨਾਂ ਸਾਈਕਲ ਸਵਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਪ੍ਰੋਗਰਾਮ ਦੀ ਸਫ਼ਲਤਾ ਲਈ ਸਾਹਿਯੋਗ ਦੇਣ ਲਈ ਸਾਰਿਆ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੈਰਾਥਨ ਦੇ ਸਾਰੇ ਪ੍ਰਤਿਯੋਗੀਆਂ ਨੂੰ ਕੋਚ ਅਰਸ਼ ਗੁਰੂ ਵਲੋਂ ਮੈਡਲ ਭੇਂਟ ਕਰ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਮੁੱਖ ਅਧਿਆਪਕ ਦਲਜਿੰਦਰ ਸਿੰਘ ਬਿੱਟੂ, ਮਾ: ਬਲਜਿੰਦਰ ਸਿੰਘ ਸ਼ਰਮਾ, ਹਰੀ ਸਿੰਘ ਕਟੈਹੀਆਂ, ਹੈੱਡ ਕਾਂਸਟੇਬਲ ਗੁਰਪ੍ਰੀਤ ਸਿੰਘ, ਡਾ. ਦਲਬਾਰ ਸਿੰਘ, ਰਵਿੰਦਰ ਸਿੰਘ ਮੂੰਮ, ਜਗਦੀਸ਼ ਸਿੰਘ ਪੰਨੂੰ, ਗੁਰਜੰਟ ਸਿੰਘ ਕੁਰੜ, ਕਾਲਾ ਪੰਡੋਰੀ, ਲਖਵਿੰਦਰ ਸਿੰਘ ਹੈਰੀ, ਸਿਕੰਦਰ ਸਿੰਘ ਮਹਿਲ ਖ਼ੁਰਦ, ਮਾ: ਅਵਤਾਰ ਸਿੰਘ, ਅਤਿੰਦਰਪਾਲ ਸਿੰਘ, ਨਿੰਦੀ ਪਾਸੀ, ਹਨੀ ਪਾਸੀ, ਸੁਖਪਾਲ ਸਿੰਘ ਹਾਂਸ, ਜਗਰਾਜ ਸਿੰਘ ਗੁਰੂ ਆਦਿ ਤੋਂ ਹਾਜ਼ਰ ਸਨ।

## ਮਾਲਵੇ ਦੀ ਪੰਜਾਬੀ ਗ਼ਜ਼ਲ ਦੀ ਉਭਰਦੀ ਮਾਣਮੱਤੀ ਸ਼ਾਇਰਾਂ ਪਰਮ 'ਪ੍ਰੀਤ' ਬਠਿੰਡਾ



ਪਰਮ 'ਪ੍ਰੀਤ' ਬਠਿੰਡਾ ਅੱਜ ਕਿਸੇ ਜਾਣ ਪਹਿਚਾਣ ਦੀ ਮੁਥਾਜ ਨਹੀਂ ਹੈ।ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀ ਪਰਮ 'ਪ੍ਰੀਤ' ਅਵਾਮੀ ਸ਼ਾਇਰ ਅਤੇ ਮਕ਼ਬੂਲ ਗੀਤਾਂ ਦੇ ਵਣਜਾਰੇ ਉਰਦੂ ਅਤੇ ਪੰਜਾਬੀ ਅਦਬ ਦੇ ਸਿਤਾਰੇ ਜਮੀਲ ਅਬਦਾਲੀ ਜੀ ਪ੍ਰਬੰਧਕ ਪੰਜਾਬੀ ਅਦਬ ਕਲਾ ਕੇਂਦਰ ਮਾਲੇਰਕੋਟਲਾ ਜੀ ਦੀ ਸ਼ਾਗਿਰਦ ਹੈ। ਸ਼ਾਇਦ ਹੀ ਕੋਈ ਅਜਿਹਾ ਕਵੀ ਜਾਂ ਕਵਿੱਤਰੀ ਹੋਵੇਗੀ ਜਿਸ ਨੂੰ ਪਰਮ 'ਪ੍ਰੀਤ' ਬਠਿੰਡਾ ਦੀਆਂ ਸੰਪਾਦਿਤ ਪੁਸਤਕਾਂ ਹਰਫ਼ਾਂ ਦਾ ਪਰਾਗਾ, ਚਾਨਣ ਰਿਸ਼ਮਾਂ, ਸੁਖ਼ਨ ਨਵਾਜ਼, ਇਲਹਾਮ ਏ ਕ਼ਲਮ,ਅਦਬੀ ਕਿਰਨਾਂ, ਹਰਫ਼ੀ ਖ਼ਜ਼ਾਨੇ, ਹਰਫ਼ੀ ਕਾਫ਼ਲਾ, ਤਸੱਵੁਫ਼,ਕਮਾਲ ਏ ਮਿਜ਼ਰਾਬ, ਵਿੱਚ ਪ੍ਰਕਾਸ਼ਿਤ ਨਾ ਕੀਤਾ ਕਿ ਹੋਵੇ।। ਜਿਨਾਂ ਤੋਂ ਉਸਨੇ ਗ਼ਜ਼ਲ ਦੀ ਤਾਲਿਮ ਹਾਸਿਲ ਕੀਤੀ ਹੈ। ਆਪਣੀਆਂ ਮੌਲਿਕ ਪੁਸਤਕਾਂ ਮੇਰੀ ਕ਼ਲਮ ਮੇਰੇ ਅਲਫ਼ਾਜ਼ ਅਤੇ ਮੇਰੀਆਂ ਗ਼ਜ਼ਲਾਂ ਮੇਰੇ ਗੀਤ ਤੋਂ ਬਾਅਦ "ਕ਼ੰਦੀਲ" ਵਿਚਾਰ ਅਤੇ ਲੇਖ ਸੰਗ੍ਰਹਿ ਦੇ ਨਾਲ ਪਰਮ 'ਪ੍ਰੀਤ' ਬਠਿੰਡਾ ਮੁੜ ਚਰਚਾ ਵਿੱਚ ਹੈ। ਇਸ ਵਿਚਾਰ ਸੰਗ੍ਰਹਿ ਦਾ ਬੈਕ ਟਾਈਟਲ ਪੇਜ਼ ਬੜੀ ਸਤਿਕਾਰਿਤ ਹਸਤੀ ਅਤੇ ਜਾਣੇ ਮਾਣੇ ਲੇਖਕ ਨਰਿੰਦਰ ਸਿੰਘ 'ਕਪੂਰ' ਜੀ ਦੁਆਰਾ ਲਿਖਿਆਂ ਗਿਆ ਹੈ। ਕਿੱਤੇ ਵਜੋਂ ਸਰਕਾਰੀ ਅਧਿਆਪਿਕਾ ਪਰਮਜੀਤ ਕੌਰ ਬਾਘਾ ਪਤਨੀ ਡਾ. ਗੁਰਸੇਵਕ ਸਿੰਘ ਬਾਘਾ( ਏਕਮ ਸਟੱਡ ਫ਼ਾਰਮ ਬਾਘਾ) ਦੀ ਪਤਨੀ ਹੈ ਜਿੰਨਾਂ ਦਾ ਘੋੜਿਆਂ ਦੀ ਦੁਨੀਆ ਵਿੱਚ ਇੱਕ ਵੱਡਾ ਨਾਂ ਹੈ। ਆਪਣੇ ਕਲਮੀਂ ਨਾਂ ਪਰਮ 'ਪ੍ਰੀਤ' ਨਾਲ ਅੱਜ ਪੰਜਾਬ ਭਰ ਵਿੱਚ ਆਪਣਾ ਨਾਂ ਬਣਾ ਚੁੱਕੀ ਹੈ।

ਪਰਮ 'ਪ੍ਰੀਤ' ਬਠਿੰਡਾ ਜੀ ਦੀ ਪਲੇਠੀ ਕਾਵਿ ਪੁਸਤਕ ' ਮੇਰੀ ਕਲਮ ਮੇਰੇ ਅਲਫ਼ਾਜ਼ ' ਪੰਜਾਬ ਭਰ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਿੱਚ ਕਾਮਯਾਬ ਹੋਈ ਹੈ। ਮਈ,2022 ਵਿੱਚ ਪ੍ਰਕਾਸ਼ਿਤ ਇਹਨਾਂ ਦੀ ਪੁਸਤਕ ਦਾ ਦੂਸਰਾ ਐਡੀਸ਼ਨ ਆ ਚੁੱਕਾ ਹੈ। ਪਰਮ 'ਪ੍ਰੀਤ' ਬਠਿੰਡਾ ਮਾਅਰੂਫ਼ ਅਵਾਮੀ ਸ਼ਾਇਰ ਜਮੀਲ ' ਅਬਦਾਲੀ ' ਜੀ ਪ੍ਰਬੰਧਕ ਪੰਜਾਬੀ ਅਦਬ ਕਲਾ ਕੇਂਦਰ ਮਾਲੇਰਕੋਟਲਾ ਦੀ ਰਹਿਨੁਮਾਈ ਵਿੱਚ ਓਅਏ ਅਦਬੀ ਕਿਰਨਾਂ ਸਾਹਿਤਕ ਮੰਚ ਵੀ ਚਲਾ ਰਹੀ ਹੈ। ਜੋ ਸਮੇ-ਸਮੇਂ ਸਾਹਿਤਕ ਗਤੀਵਿਧੀਆਂ ਕਾਰਨ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਨਵੀਆਂ ਕਲਮਾਂ ਦਾ ਰਾਹ ਦਸੇਰਾ ਬਣ ਕੇ ਸਾਹਮਣੇ ਆ ਰਿਹਾ ਹੈ। ਪਰਮ 'ਪ੍ਰੀਤ' ਬਠਿੰਡਾ ਦੇ ਕੋਲ ਆਮਦ ਔਰ ਆਵੁਰਦ ਸ਼ਾਇਰੀ ਹੈ ਤੇ ਖ਼ੂਬਸੂਰਤ ਖ਼ਿਆਲਾਤ ਵੀ ਹਨ। ਪਰਮ ' ਪ੍ਰੀਤ ' ਦੇ ਰਵਾਨੀ ਭਰਪੂਰ ਗੀਤ ਅਤੇ ਗ਼ਜ਼ਲਾਂ ਖੁਸ਼ਨੁਮਾ ਮਾਹੌਲ ਸਿਰਜਦੀ ਹੈ। ਆਪਣੀ ਸੁਰੀਲੀ ਆਵਾਜ਼ ਅਤੇ ਗ਼ਜ਼ਲ ਕਹਿਣ ਦੇ ਅੰਦਾਜ਼ ਨਾਲ ਸਰੋਤਿਆਂ ਨੂੰ ਕੀਲ ਲੈਂਦੀ ਹੈ ਅਤੇ ਮਹਿਫ਼ਿਲ ਅਸ਼ ਅਸ਼ ਕਰ ਉੱਠਦੀ ਹੈ। ਉਸ ਕੋਲ ਸੋਹਣੇ ਅਲਫ਼ਾਜ਼ ਨੂੰ ਖ਼ੂਬਸੂਰਤ ਤਸਬੀਹਾਂ 'ਚ ਗੁੰਦਨ ਦੀ ਜੁਗਤ ਵੀ ਹੈ। ਬਹੁਤ ਘੱਟ ਸਮੇਂ ਦੇ ਵਿੱਚ ਪੰਜਾਬੀ ਸਾਹਿਤ ਖੇਤਰ ਵਿੱਚ ਆਪਣੀ ਪਹਿਚਾਣ ਬਣਾਉਣੀ ਵਾਲੀ ਸ਼ਾਇਰਾ ਪਰਮ 'ਪ੍ਰੀਤ' ਨੇ ਗ਼ਜ਼ਲਾਂ ਤੇ ਗੀਤਾਂ ਵਿੱਚ ਕਮਾਲ ਦੀ ਛੰਦਾਂ – ਬੰਦੀ ਨਿਭਾਈ ਹੈ। ਧਾਰਮਿਕ ਰੁਚੀ ਰੱਖਣ ਵਾਲੀ ਪਰਮ 'ਪ੍ਰੀਤ' ਆਪਣੀਆਂ ਰਚਨਾਵਾਂ ਵਿੱਚ ਮਾਲਕ ਦਾ ਸ਼ੁਕਰਾਨਾ ਵੀ ਅਦਾ ਕਰਦੀ ਹੈ। ਉਹਨਾਂ ਦਾ ਲਿਖਿਆ ਗੀਤ 'ਨਾਨਕ' ਰਿਕਾਡਿੰਗ ਅਧੀਨ ਹੈ ਜੋ ਜਲਦ ਸਰੋਤਿਆਂ ਨੂੰ ਸੁਣਨ ਨੂੰ ਮਿਲੇਗਾ। ਕਾਵਿਕ ਸ਼ੈਲੀ ਦੀ ਤਕਨੀਕ ਸਿੱਖਣ ਲਈ ਉਸਨੇ ਅਦਬੀ ਸਫ਼ਰ ਬਹੁਤ ਛੇਤੀ ਤਹਿ ਕਰਕੇ ਇਹ ਸਾਬਿਤ ਕੀਤਾ ਹੈ ਕਿ ਹਿੰਮਤ ਦਾ ਹਿਮਾਇਤੀ ਖ਼ੁਦਾ ਹੁੰਦਾ ਹੈ।